ਸੋਮਵਾਰ
18, ਜਨਵਰੀ 2010
6 ਮਾਘ ,
ਨਾਨਕਸ਼ਾਹੀ 541

ਅੱਜ ਦੀ ਆਵਾਜ਼

ਕੀਮਤ 2 ਰੁਪਏ

ਜਲੰਧਰ
ਅੰਕ ਨੰ. 279,
ਸਾਲ 25
Postal Regd. No.
PB/0007/09-2011

www.ajdiawaaz.com ਪੰਜਾਬ ਦੀ ਉਮੀਦ info@ajdiawaaz.com

ਸ਼ਹਿਰ ਤੇ ਆਸ-ਪਾਸ
ਠੰਡ ਨਾਲ ਜਨਜੀਵਨ ਪ੍ਰਭਾਵਿਤ 3

ਸੰਪਾਦਕੀ
ਜ਼ਰਦਾਰੀ ਦੀ ਪਹੁੰਚ 4

ਦੇਸ਼ ਦੁਨੀਆਂ
ਕੌਮ ਨੂੰ ਵੰਡਣ ਦੀ ਕੋਸ਼ਿਸ਼ ਬਰਦਾਸ਼ਤ ਨਹੀਂ ਕਰਾਂਗੇ 8

ਸਿਆਸੀ ਸੱਤਾ ਦਾ ਰਿਕਾਰਡ ਕਾਇਮ ਕਰਨ ਵਾਲੇ ਜੋਤੀ ਬਸੂ ਨਹੀਂ ਰਹੇ

ਕੋਲਕਾਤਾ, 17 ਜਨਵਰੀ (ਵਿਸ਼ਵ ਵਾਰਤਾ)-ਪੱਛਮੀ ਬੰਗਾਲ ਦੇ ਸਾਬਕਾ ਮੁੱਖ ਮੰਤਰੀ ਅਤੇ ਮਾਰਕਸਵਾਦੀ ਕਮਿਊਨਿਸਟ ਪਾਰਟੀ (ਮਾਕਪਾ) ਦੇ ਸੰਸਥਾਪਕ ਜੋਤੀ ਬਸੂ ਦਾ ਅੱਜ ਦੇਹਾਂਤ ਹੋ ਗਿਆ। 95 ਸਾਲਾ ਬਸੂ ਨੇ ਅੱਜ ਸਵੇਰੇ 11.45 ਵਜੇ ਏ.ਐਮ.ਆਰ.ਆਈ. ਹਸਪਤਾਲ ਵਿੱਚ ਆਖਰੀ ਸਾਹ ਲਿਆ। ਉਹ ਕਾਫ਼ੀ ਦਿਨਾਂ ਤੋਂ ਗੰਭੀਰ ਸਥਿਤੀ ਵਿੱਚ ਹਸਪਤਾਲ ਵਿੱਚ ਦਾਖ਼ਲ ਸਨ। ਉਹਨਾਂ ਦੇ ਕਈ ਅੰਗਾਂ ਨੇ ਵੀ ਕੰਮ ਕਰਨਾ ਬੰਦ ਕਰ ਦਿੱਤਾ ਸੀ। ਜੋਤੀ ਬਸੂ ਦੇ ਦੇਹਾਂਤ ਦੇ ਖ਼ਬਰ ਨਾਲ ਪੂਰੇ ਦੇਸ਼ ਵਿੱਚ ਸ਼ੋਕ ਦੀ ਲਹਿਰ ਦੌੜ ਗਈ ਹੈ। ਪ੍ਰਧਾਨ ਮੰਤਰੀ ਮਨਮੋਹਨ ਸਿੰਘ, ਰਾਸ਼ਟਰਪਤੀ ਪ੍ਰਤਿਭਾ ਪਾਟਿਲ, ਕਾਂਗਰਸ ਪ੍ਰਧਾਨ ਸੋਨੀਆ ਗਾਂਧੀ, ਗ੍ਰਹਿ ਮੰਤਰੀ ਪੀ. ਚਿਦੰਬਰਮ, ਸਪਾ ਸੁਪਰੀਮੋ ਮੁਲਾਇਮ ਸਿੰਘ ਯਾਦਵ ਸਮੇਤ ਕਈ ਨੇਤਾਵਾਂ ਨੇ ਉਹਨਾਂ ਦੇ ਦੇਹਾਂਤ 'ਤੇ ਗਹਿਰਾ ਦੁੱਖ ਪ੍ਰਗਟ ਕੀਤਾ ਹੈ। ਚਿਦੰਬਰਮ ਅੱਜ ਜੋਤੀ ਬਸੂ ਨੂੰ ਮਿਲਣ ਲਈ ਹਸਪਤਾਲ ਪਹੁੰਚੇ ਸਨ। ਇਸ ਦੌਰਾਨ ਬਾਲੀਵੁੱਡ ਦੇ ਬਾਦਸ਼ਾਹ ਅਮਿਤਾਭ ਬੱਚਨ ਨੇ ਵੀ ਬਸੂ ਦੇ ਦੇਹਾਂਤ 'ਤੇ ਦੁੱਖ ਪ੍ਰਗਟ ਕੀਤਾ ਹੈ। ਕਲਕੱਤਾ ਦੇ ਮੇਅਰ ਵਿਕਾਸ ਭੱਟਾਚਾਰੀਆ ਨੇ ਦੱਸਿਆ ਕਿ ਉਹਨਾਂ ਦੇ ਮ੍ਰਿਤਕ ਸਰੀਰ ਨੂੰ ਅੰਤਿਮ ਸੰਸਕਾਰ ਪਾਰਲਰ ਪੀਸ ਹੇਵਨ ਲਿਜਾਇਆ ਜਾਵੇਗਾ ਅਤੇ 19 ਜਨਵਰੀ ਨੂੰ ਕੇਵੜਾਤਲਾ ਸ਼ਮਸ਼ਾਨ ਘਾਟ 'ਤੇ ਅੰਤਿਮ ਸੰਸਕਾਰ ਕੀਤਾ ਜਾਵੇਗਾ। ਜੋਤੀ ਬਸੂ ਨੇਤਰਦਾਨ ਕਰ ਚੁੱਕੇ ਸਨ ਇਸ ਇੱਕ ਨੇਤਰ ਹਸਪਤਾਲ ਦੇ ਡਾਕਟਰਾਂ ਨੇ ਉਹਨਾਂ ਦੀਆਂ ਅੱਖਾਂ ਕੱਢ ਕੇ ਸੁੱਰਖਿਅਤ ਰੱਖ ਲਈਆਂ ਹਨ। ਪੱਛਮੀ ਬੰਗਾਲ ਸਰਕਾਰ ਨੇ ਜੋਤੀ ਬਸੂ ਦੇ ਸਨਮਾਨ ਵਿੱਚ ਸੋਮਵਾਰ ਨੂੰ ਛੁੱਟੀ ਦਾ ਐਲਾਨ ਕੀਤਾ ਹੈ। ਮੇਅਰ ਨੇ ਇਹ ਜਾਣਕਾਰੀ ਦਿੱਤੀ। ਜ਼ਿਕਰਯੋਗ ਹੈ ਕਿ ਜੋਤੀ ਬਸੂ ਦਾ ਜਨਮ 8 ਜੁਲਾਈ 1914 ਨੂੰ ਹੋਇਆ ਸੀ। ਉਹ ਪੰਜ ਵਾਰ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਰਹੇ। ਕਿਸੇ ਰਾਜ ਦੇ ਸਭ ਤੋਂ ਲੰਬੇ ਸਮੇਂ ਤੱਕ ਮੁੱਖ ਮੰਤਰੀ ਰਹਿਣ ਦਾ ਰਿਕਾਰਡ ਵੀ ਬਸੂ ਦੇ ਨਾਮ ਹੈ।

ਵੱਖ-ਵੱਖ ਨੇਤਾਵਾਂ ਵੱਲੋਂ ਮੌਤ 'ਤੇ ਦੁੱਖ ਦਾ ਪ੍ਰਗਟਾਵਾ

ਚੰਡੀਗੜ੍ਹ, 17 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)- ਪੰਜਾਬ ਦੇ ਮੁੱਖ ਮੰਤਰੀ ਸ: ਪਰਕਾਸ਼ ਸਿੰਘ ਬਾਦਲ ਅਤੇ ਉੱਪ ਮੁੱਖ ਮੰਤਰੀ ਸ: ਸੁਖਬੀਰ ਸਿੰਘ ਬਾਦਲ ਨੇ ਜਿਓਤੀ ਬਾਸੂ ਦੀ ਮੌਤ ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸ਼੍ਰੀ ਜਿਓਤੀ ਬਾਸੂ ਇਕ ਦੂਰ ਦ੍ਰਿਸ਼ਟੀ ਵਾਲੇ ਅਤੇ ਉੱਚ ਦਰਜੇ ਦੇ ਵਿਅਕਤੀ ਸਨ। ਸ. ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਦੇਸ਼ ਕਾਮਰੇਡ ਦੀ ਰਾਸ਼ਟਰੀ ਮੁੱਦਿਆਂ ਪ੍ਰਤੀ ਸੰਤੁਲਿਤ ਪਹੁੰਚ 'ਤੋਂ ਵਾਂਝਾ ਹੋ ਗਿਆ ਹੈ। ਇਸੇ ਦੌਰਾਨ ਪੁਡੂਚੇਰੀ ਦੇ ਉਪ ਰਾਜਪਾਲ ਡਾ. ਇਕਬਾਲ ਸਿੰਘ ਨੇ ਵੀ ਸ੍ਰੀ ਜਿਓਤੀ ਬਾਸੂ ਦੇ ਅਕਾਲ ਚਲਾਣੇ ਤੇ ਸੋਗ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਨੇ ਭੇਜੇ ਇੱਕ ਸੰਦੇਸ਼ ਵਿੱਚ ਆਖਿਆ ਹੈ ਕਿ ਸ੍ਰੀ ਬਾਸੂ ਇੱਕ ਆਦਰਸ਼ ਸਿਆਸੀ ਨੇਤਾ ਸਨ ਜਿਨ੍ਹਾਂ ਨੇ ਪੱਛਮੀ ਬੰਗਾਲ ਦੀ ਭਲਾਈ ਲਈ ਬੇਮਿਸਾਲ ਕਾਰਜ ਕੀਤਾ ਹੈ। ਇਸੇ ਦੌਰਾਨ ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਸ: ਸੇਵਾ ਸਿੰਘ ਸੇਖਵਾਂ ਅਤੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਨਿਰਮਲ ਸਿੰਘ ਕਾਹਲੋਂ ਨੇ ਉੱਘੇ ਕਮਿਊਨਿਸਟ ਆਗੂ ਕਾਮਰੇਡ ਜਿਓਤੀ ਬਾਸੂ ਦੀ ਮੌਤ ਤੇ ਡੂੰਘੇ (ਬਾਕੀ ਸਫਾ 2 'ਤੇ)

ਪੰਜਾਬ 'ਚ ਛੁੱਟੀ ਦਾ ਐਲਾਨ

ਚੰਡੀਗੜ੍ਹ, 17 ਜਨਵਰੀ: (ਹਰੀਸ਼ ਚੰਦਰ ਬਾਗਾਵਾਲਾਂ)-ਪੰਜਾਬ ਸਰਕਾਰ ਨੇ ਪੱਛਮੀ ਬੰਗਾਲ ਦੇ ਸਾਬਕਾ ਮੁੱਖ ਮੰਤਰੀ ਅਤੇ ਸੀ.ਪੀ.ਐਮ ਦੇ ਉੱਘੇ ਆਗੂ ਸ੍ਰੀ ਜਿਓਤੀ ਬਾਸੂ ਜਿੰਨਾਂ ਦਾ ਅੱਜ ਦਿਹਾਂਤ ਹੋ ਗਿਆ, ਦੇ ਸਤਿਕਾਰ ਵਜੋਂ ਕੱਲ 18-1-2010 ਦਿਨ ਸੋਮਵਾਰ ਨੂੰ ਰਾਜ ਵਿੱਚ ਆਪਣੇ ਸਾਰੇ ਸਰਕਾਰੀ ਦਫਤਰਾਂ, ਸਿੱਖਿਆ ਸੰਸਥਾਵਾਂ, ਨਿਗਮਾਂ ਅਤੇ ਬੋਰਡਾਂ ਵਿੱਚ ਛੁੱਟੀ ਦਾ ਐਲਾਨ ਕੀਤਾ ਹੈ। ਇਸ ਗੱਲ ਦੀ ਜਾਣਕਾਰੀ ਦਿੰਦਿਆਂ ਅੱਜ ਇਥੇ ਪੰਜਾਬ ਸਰਕਾਰ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਰਾਜ ਵਿੱਚ 17 ਜਨਵਰੀ ਅਤੇ 18 ਜਨਵਰੀ, 2010 ਸ਼ੋਗ ਹੋਵੇਗਾ ਅਤੇ ਇਸ ਦੌਰਾਨ ਰਾਸ਼ਟਰੀ ਝੰਡਾ ਸਾਰੀਆਂ ਇਮਾਰਤਾਂ ਤੇ ਅੱਧਾ ਝੁਕਿਆ ਰਹੇਗਾ।

ਕਾਂਗਰਸੀ ਸਰਕਾਰਾਂ ਨੇ ਹਮੇਸ਼ਾ ਮਹਿੰਗਾਈ ਅਤੇ ਦੇਸ਼ ਵਿਰੋਧੀ ਤੱਤਾਂ ਨੂੰ ਸ਼ਹਿ ਦਿੱਤੀ-ਬਾਦਲ, ਗਡਕਰੀ

ਅੰਮ੍ਰਿਤਸਰ, 17 ਜਨਵਰੀ (ਮੋਤਾ ਸਿੰਘ)-ਦੇਸ਼ ਵਿਰੋਧੀ, ਫੁੱਟ ਪਾਊ ਤਾਕਤਾਂ ਵਿਰੁੱਧ ਲਾਮਬੰਦ ਹੋਣ ਦਾ ਸੱਦਾ ਦਿੰਦਿਆਂ ਸ੍ਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਪੰਜਾਬ ਨੇ ਅੱਜ ਸਮੂਹ ਪੰਜਾਬੀਆਂ ਨੂੰ ਏਕਤਾ ਤੇ ਅਖੰਡਤਾ ਨਾਲ ਸੂਬੇ ਦੇ ਵਿਕਾਸ ਤੇ ਖੁਸ਼ਹਾਲੀ ਲਈ ਅੱਗੇ ਆਉਣ ਦਾ ਸੱਦਾ ਦਿੱਤਾ ਅਤੇ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਸਮਾਜ ਦੇ ਸਾਰੇ ਵਰਗਾਂ ਦਰਮਿਆਨ ਪਿਆਰ ਤੇ ਆਪਸੀ ਵਿਸ਼ਵਾਸ਼ ਤੇ ਅਧਾਰਤ ਆਦਰਸ਼ ਸਮਾਜ ਸਿਰਜਣ ਪ੍ਰਤੀ ਵਚਨਬੱਧ ਹੈ। ਇਹ ਪ੍ਰਗਟਾਵਾ ਸ੍ਰ ਬਾਦਲ ਨੇ ਭਾਜਪਾ ਦੇ ਕੌਮੀ ਪ੍ਰਧਾਨ ਸ੍ਰੀ ਨਿਤਿਨ ਗਡਕਰੀ ਦੀ ਪਲੇਠੀ ਅੰਮ੍ਰਿਤਸਰ ਫੇਰੀ ਦੌਰਾਨ ਆਯੋਜਤ ਜਨਤਕ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ। ਇਸ ਮੌਕੇ ਆਪਣੇ ਸੰਬੋਧਨ ਵਿੱਚ ਕਾਂਗਰਸੀ ਸਰਕਾਰ ਨੂੰ ਦੇਸ਼ ਵਿਰੋਧੀ ਤਾਕਤਾਂ ਨੂੰ ਸ਼ਹਿ ਦੇਣ ਦਾ ਇਲਜਾਮ ਲਗਾਉਂਦਿਆਂ ਉਨ੍ਹਾਂ ਕਿਹਾ ਕਿ ਕਾਂਗਰਸ ਦਾ ਅਜਿਹਾ ਰਵੱਈਆ ਦੇਸ਼ ਅਤੇ ਪੰਜਾਬ ਲਈ ਹਾਨੀਕਾਰਕ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਦੀ ਅਗਵਾਈ ਵਾਲੀ ਯੂ:ਪੀ:ਏ ਸਰਕਾਰ ਦੀਆਂ ਗਲਤ ਨੀਤੀਆਂ ਸਦਕਾ ਅੱਜ ਦੇਸ਼ ਦੀ ਸੁਰੱਖਿਆ ਦਾਅ ਤੇ ਲੱਗੀ ਹੈ ਅਤੇ ਜ਼ਰੂਰੀ ਵਸਤਾਂ ਦੇ ਭਾਅ, ਬੇਰੁਜਗਾਰੀ ਤੇ ਅਨਪੜ੍ਹਤਾ ਦਿਨੋਂ ਦਿਨ ਵੱਧ ਰਹੇ ਹਨ। ਸ੍ਰ ਬਾਦਲ ਨੇ ਕਿਹਾ ਕਿ ਇਸ ਘੁੱਪ ਹਨੇਰੇ ਵਿਚੋਂ ਨਿਕਲਣ ਲਈ ਆਮ ਆਦਮੀ ਕੋਲ ਕਾਂਗਰਸ ਪਾਰਟੀ ਨੂੰ ਸੱਤਾ ਤੋਂ ਹਟਾਉਣ ਤੋਂ ਇਲਾਵਾ ਹੋਰ ਕੋਈ ਰਸਤਾ ਨਹੀਂ ਹੈ। ਪੰਜਾਬ ਨਾਲ ਮਤਰੇਈ ਮਾਂ ਵਰਗਾ ਸਲੂਕ ਕਰਨ ਵਾਲੀ ਕੇਂਦਰ ਸਰਕਾਰ ਨੂੰ ਖਰੀਆਂ ਖਰੀਆਂ ਸੁਣਾਉਂਦਿਆਂ ਸ੍ਰ ਬਾਦਲ ਨੇ (ਬਾਕੀ ਸਫਾ 2 'ਤੇ)

ਦਿੱਲੀ: ਸੰਘਣੀ ਧੁੰਦ ਕਾਰਨ ਉਡਾਨਾਂ 'ਚ ਦੇਰੀ

ਨਵੀਂ ਦਿੱਲੀ, 17 ਜਨਵਰੀ (ਵਿਸ਼ਵ ਵਾਰਤਾ)-ਰਾਜਧਾਨੀ ਦਿੱਲੀ ਅਤੇ ਨੇੜੇ-ਤੇੜੇ ਦੇ ਇਲਾਕਿਆਂ ਵਿੱਚ ਅੱਜ ਸੰਘਣੀ ਧੁੰਦ ਛਾਈ ਰਹੀ ਜਿਸ ਕਰਕੇ ਇੰਦਰਾ ਗਾਂਧੀ ਅੰਤਰ-ਰਾਸ਼ਟਰੀ ਹਵਾਈ ਅੱਡੇ 'ਤੇ ਦਰਜਨਾਂ ਅੰਤਰ-ਰਾਸ਼ਟਰੀ ਅਤੇ ਘਰੇਲੂ ਉਡਾਨਾਂ ਦੇਰੀ ਨਾਲ ਚਲ ਰਹੀਆਂ ਹਨ ਜਦਕਿ ਦ੍ਰਿਸ਼ਤਾ ਘੱਟ ਹੋਣ ਦੀ ਵਜ੍ਹਾ ਕਰਕੇ ਸਵੇਰੇ ਇੱਕ ਉਡਾਨ ਰੱਦ ਕਰਨੀ ਪਈ। ਦੂਸਰੇ ਪਾਸੇ, ਧੁੰਦ ਕਾਰਨ ਟ੍ਰੇਨਾਂ ਦੀ ਆਵਾਜਾਈ 'ਤੇ ਵੀ ਅਸਰ ਪੈ ਰਿਹਾ ਹੈ। ਧੁੰਦ ਦੀ ਵਜ੍ਹੇ ਕਰਕੇ 17 ਟ੍ਰੇਨਾਂ ਦਾ ਸਮਾਂ ਬਦਲਿਆ ਗਿਆ ਹੈ ਜਦਕਿ 20 ਤੋਂ ਜ਼ਿਆਦਾ ਟ੍ਰੇਨਾਂ ਦੇਰੀ ਨਾਲ ਚਲ ਰਹੀਆਂ ਹਨ। ਤਿੰਨ ਟ੍ਰੇਨਾਂ ਨੂੰ ਰੱਦ ਵੀ ਕਰ ਦਿੱਤਾ ਗਿਆ ਹੈ ਜਿਸ ਕਰਕੇ ਯਾਤਰੀਆਂ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਟੁੱਟੀ ਜੁੜੀ ਨਹੀਂ ਹੈ ਅਕਾਲੀ-ਭਾਜਪਾ ਦੀ

ਚੰਡੀਗੜ੍ਹ, 17 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਪੰਜਾਬ ਦੀ ਮੌਜੂਦਾ ਅਕਾਲੀ ਭਾਜਪਾ ਸਰਕਾਰ ਵਿੱਚ ਭਾਜਪਾ ਅਤੇ ਅਕਾਲੀ ਦਲ ਵਿੱਚ ਆਪਸੀ ਮਤਭੇਦ ਅਜੇ ਤੱਕ ਖਤਮ ਨਹੀਂ ਹੋਏ। ਜਦੋਂਕਿ ਅਕਾਲੀ ਦਲ ਦੇ ਮੰਤਰੀਆਂ ਦੇ ਆਪਸ ਵਿੱਚ ਵੀ ਕਈ ਮੁੱਦਿਆਂ ਤੇ ਮਤਭੇਦ ਅਜੇ ਵੀ ਕਾਇਮ ਹਨ। ਜਦੋਂ ਕਿ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਇਹ ਕਹਿ ਰਹੇ ਹਨ ਕਿ ਸਾਡੀ ਸਰਕਾਰ ਵਿੱਚ ਆਪਸੀ ਮਤਭੇਦ ਹੁਣ ਕੋਈ ਨਹੀਂ ਹਨ। ਹੁਣ ਤੁਸੀਂ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਲੈ ਲਵੋ। ਉਨ੍ਹਾਂ ਦੀ ਕੋਈ ਅਕਾਲੀ ਅਤੇ ਭਾਜਪਾ ਮੰਤਰੀਆਂ ਨਾਲ ਸੁਰ ਹੀ ਨਹੀਂ ਮਿਲਦੀ। ਪਿਛਲੇ ਦਿਨੀਂ ਉਨ੍ਹਾਂ ਨੇ ਪੰਜਾਬ ਸਰਕਾਰ ਨੂੰ ਵਿੱਤ ਸਾਧਕ ਜੁਟਾਉਣ ਅਤੇ ਪ੍ਰਭਾਵੀ ਵਿੱਤੀ ਸੰਕਟ ਨੂੰ ਖਤਮ ਕਰਨ ਲਈ ਜਿਹੜੀ ਦੋ ਮੈਂਬਰੀ ਕਮੇਟੀ ਉਪ ਮੁੱਖ ਮੰਤਰੀ ਸੁਖਵੀਰ ਸਿੰਘ ਬਾਦਲ ਅਤੇ ਸਥਾਨਕ ਸਰਕਾਰ ਬਾਰੇ ਮੰਤਰੀ ਮਨੋਰੰਜਨ ਅਧਾਰਿਤ ਬਣਾਈ ਸੀ, ਉਸ ਦੀ ਕਾਰਗੁਜਾਰੀ ਤੇ ਹੁਣ ਕਿੰਤੂ-ਪ੍ਰੰਤੂ ਸ਼ੁਰੂ ਹੋ ਗਈ ਹੈ। ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਸਥਾਨਕ ਸਰਕਾਰਾਂ ਬਾਰ ੇਮੰਤਰੀ ਮਨੋਰੰਜਨ ਕਾਲੀਆ ਉੱਤੇ ਆਧਾਰਿਤ ਵਿੱਤੀ ਵਸੀਲੇ ਜੁਟਾਉਣ ਵਾਲੀ ਦੋ ਮੈਂਬਰੀ ਕਮੇਟੀ ਬਣਾਈ (ਬਾਕੀ ਸਫਾ 2 'ਤੇ)




ਹੈਤੀ: 25 ਹਜ਼ਾਰ ਲਾਸ਼ਾਂ ਨੂੰ ਦਫ਼ਨਾਇਆ

ਪੋਰਟ ਓ ਪ੍ਰਿੰਸ, 17 ਜਨਵਰੀ (ਵਿਸ਼ਵ ਵਾਰਤਾ)-ਜਿਆਂ ਮੈਕਸ ਬੈਲੇਰਿਵੇ ਨੇ ਕਿਹਾ ਹੈ ਕਿ ਹੈਤੀ ਵਿੱਚ ਵਿਨਾਸ਼ਕਾਰੀ ਭੂਚਾਲ ਵਿੱਚ ਮਾਰੇ ਗਏ ਲੋਕਾਂ ਵਿੱਚੋਂ 25 ਹਜ਼ਾਰ ਤੋਂ ਜ਼ਿਆਦਾ ਦੀਆਂ ਲਾਸ਼ਾਂ ਨੂੰ ਇਕੱਠਾ ਕਰਕੇ ਸਮੂਹਿਕ ਰੂਪ ਨਾਲ ਦਫ਼ਨ ਕਰ ਦਿੱਤਾ ਗਿਆ ਹੈ। ਬੈਲਿਰਿਵੇ ਨੇ ਕਿਹਾ ਕਿ ਸਰਕਾਰ ਨੇ ਅਧਿਕਾਰਿਕ ਰੂਪ ਨਾਲ 20,000 ਤੋਂ ਜ਼ਿਆਦਾ ਲਾਸ਼ਾਂ ਨੂੰ ਇਕੱਠਾ ਕੀਤਾ ਹੈ ਅਤੇ ਇਸ ਤੋਂ ਇਲਾਵਾ ਯੂਨਾਈਟਡ ਨੈਸ਼ਿਸ ਸਟੇਬਿਲਾਈਜੇਸ਼ਨ ਫੋਰਸ ਇਹਨਾਂ ਹੈਤੀ, ਗੈਰ ਸਰਕਾਰੀ ਸੰਸਥਾਵਾਂ ਅਤੇ ਸਮਾਜ ਸੇਵਕਾਂ ਨੇ ਵੀ ਲਾਸ਼ਾਂ ਇਕੱਠੀਆਂ ਕੀਤਾ ਹਨ ਜਿਹਨਾਂ ਦੀ ਗਿਣਤੀ ਕਰੀਬ 5 ਜਾਂਚ 6 ਹਜ਼ਾਰ ਹੈ।

ਸਿਹਤ ਤੇ ਸਿੱਖਿਆ ਦੇ ਖੇਤਰ ਵਿੱਚ ਪ੍ਰਵਾਸੀ ਭਾਰਤੀਆਂ ਦਾ ਵੱਡਾ ਯੋਗਦਾਨ-ਸੇਖਵਾਂ

ਕਪੂਰਥਲਾ, 17 ਜਨਵਰੀ (ਵਧਵਾ, ਥਾਪਾ)—ਪ੍ਰਵਾਸੀ ਭਾਰਤੀ ਆਪਣੀ ਮਿੱਟੀ ਦੇ ਮੋਹ ਕਾਰਨ ਆਪਣੇ ਦੇਸ਼ ਨਾਲ ਤੇ ਸਮਾਜ ਨਾਲ ਜੁੜੇ ਰਹਿੰਦੇ ਹਨ ਅਤੇ ਆਪਣੇ ਲੋਕਾਂ ਦੀ ਬਿਹਤਰੀ ਲਈ ਸਿਹਤ ਅਤੇ ਸਿੱਖਿਆ ਦੇ ਖੇਤਰ ਵਿੱਚ ਵੱਡਾ ਯੋਗਦਾਨ ਪਾ ਰਹੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ੍ਰੀ ਸੇਵਾ ਸਿੰਘ ਸੇਖਵਾਂ ਸੂਚਨਾ ਤੇ ਲੋਕ ਸੰਪਰਕ ਐੱਨ.ਆਰ.ਆਈ. ਮਾਮਲੇ ਅਤੇ ਰੱਖਿਆ ਸੇਵਾਵਾਂ ਮੰਤਰੀ ਪੰਜਾਬ ਨੇ ਅੱਜ ਭਾਈ ਘਨਈਆਐ ਜੀ ਚੈਰੀਟੇਬਲ ਸੋਸਾਇਟੀ ਰਜਿ. ਕਪੂਰਥਲਾ ਵੱਲੋਂ ਸਿਟੀ ਹਾਲ ਮਾਡਲ ਟਾਊਨ ਕਪੂਰਥਲਾ ਵਿਖੇ ਲਗਾਏ ਗਏ ਅੱਖਾਂ ਦੇ ਮੁਫਤ ਚੈੱਕਅਪ ਅਤੇ ਅਪਰੇਸ਼ਨ ਕੈਂਪ ਨੂੰ ਸੰਬੋਧਨ ਕਰਦਿਆਂ ਦਿੱਤੀ। ਇਸ ਕੈਂਪ ਵਿੱਚ 486 ਮਰੀਜਾਂ ਦੀਆਂ ਅੱਖਾਂ ਦੀ ਚੈੱਕਅੱਪ ਕੀਤਾ ਗਿਆ। ਸ੍ਰੀ ਰਘਵੀਰ ਸਿੰਘ ਸਾਬਕਾ ਮੰਤਰੀ ਅਤੇ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਬਾਦਲ, ਸ੍ਰੀ ਬਲਜੀਤ ਸਿੰਘ ਭੁੱਲਰ ਪ੍ਰੈਜੀਡੈਂਟ ਭਾਈ ਘਨਈਆ ਜੀ ਚੈਰੀਟੇਬਲ ਸੋਸਾਇਟੀ, ਸ੍ਰੀ ਜਸਵਿੰਦਰ ਸਿੰਘ ਧਾਲੀਵਾਲ ਅਤੇ ਸ੍ਰੀ ਮਨਮੋਹਣ ਸਿੰਘ ਬਾਜਵਾ ਨੇ ਵੀ ਇਸ ਸਮਾਗਮ ਨੂੰ ਸੰਬੋਧਨ ਕੀਤਾ। ਸ੍ਰੀ ਸੇਵਾ ਸਿੰਘ ਸੇਖਵਾਂ ਸੂਚਨਾ ਤੇ ਲੋਕ ਸੰਪਰਕ ਤੇ ਲੋਕ ਸੰਪਰਕ ਮੰਤਰੀ ਨਾ ਕਿ ਸਾਰੇ ਪ੍ਰਵਾਸੀ ਭਾਰਤੀ ਵਿਦੇਸ਼ਾਂ ਵਿੱਚ ਸਖਤ ਮਿਹਨਤ ਕਰਕੇ ਆਪਣਾ ਤੇ ਦੇਸ਼ ਦਾ ਨਾਮ ਰੌਸ਼ਨ ਕਰ ਰਹੇ ਹਨ ਤੇ ਹਰ ਖੇਤਰ (ਬਾਕੀ ਸਫਾ 2 'ਤੇ)

ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਜ਼ਿਲ੍ਹਾ ਦਫਤਰਾਂ ਨੂੰ ਹਾਈਟੈਕ ਕੀਤਾ ਜਾਵੇਗਾ-ਸੇਖਵਾਂ

ਕਪੂਰਥਲਾ, 17 ਜਨਵਰੀ (ਵਧਵਾ, ਥਾਪਾ)- ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਜ਼ਿਲ੍ਹਾ ਦਫਤਰਾਂ ਵਿੱਚ ਬੁਨਿਆਦੀ ਢਾਂਚੇ ਲਈ ਜ਼ਰੂਰੀ ਸਹੂਲਤਾਂ ਮੁੱਹਈਆ ਕਰਵਾ ਕੇ ਇਸ ਵਿਭਾਗ ਨੂੰ ਹਾਈਟੈਕ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਸ੍ਰੀ ਸੇਵਾ ਸਿੰਘ ਸੇਖਵਾਂ ਸੂਚਨਾ ਤੇ ਲੋਕ ਸੰਪਰਕ ਪ੍ਰਵਾਸੀ ਭਾਰਤੀ ਮਾਮਲੇ ਅਤੇ ਰੱਖਿਆ ਸੇਵਾਵਾਂ ਵਿਭਾਗ ਪੰਜਾਬ ਨੇ ਅੱਜ ਸਿਟੀ ਹਾਲ ਮਾਡਲ ਟਾਊਨ ਕਪੂਰਥਲਾ ਵਿਖੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਦਿੱਤੀ। (ਬਾਕੀ ਸਫਾ 2 'ਤੇ)

ਆਮਦਨ ਕਰ ਵਿਭਾਗ ਵੱਲੋਂ 12 ਹਸਪਤਾਲਾਂ ਦੀ ਮਾਨਤਾ ਰੱਦ

ਚੰਡੀਗੜ੍ਹ, 17 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਆਮਦਨ ਕਰ ਵਿਭਾਗ ਨੇ 12 ਪ੍ਰਾਈਵੇਟ ਹਸਪਤਾਲਾਂ ਦੀ ਟੈਕਸ ਮੁਕਤ ਇਲਾਜ ਕਰਨ ਦੀ ਮਾਨਤਾ ਰੱਦ ਕਰ ਦਿੱਤੀ, ਜਿਹੜੇ ਨਿੱਜੀ ਖੇਤਰ ਦੇ ਮੁਲਾਜ਼ਮਾਂ ਨੂੰ ਟੈਕਸ ਫਰੀ ਇਲਾਜ ਦੀ ਸਹੂਲਤ ਦਿੰਦੇ ਸਨ। ਇਨ੍ਹਾਂ ਵਿੱਚ ਟ੍ਰਾਈਸਿਟੀ ਦੇ ਹਸਪਤਾਲ ਸ਼ਾਮਲ ਹਨ, ਆਮਦਨ ਕਰ ਵਿਭਾਗ ਦੇ ਅਧਿਕਾਰੀਆਂ ਅਨੁਸਾਰ ਮਾਨਤਾ ਰੱਦ ਵਾਲੇ ਹਸਪਤਾਲਾਂ ਵਿੱਚ ਚੰਡੀਗੜ੍ਹ ਦਾ ਮੁਫਤ ਹਸਪਤਾਲ ਵੀ ਸ਼ਾਮਲ ਹੈ, ਜਿਸ ਨੂੰ ਪਿੱਛੇ ਜਿਹੇ ਯੂ.ਟੀ. ਪ੍ਰਸ਼ਾਸਨੇ ਨੇ ਸਵਾਈਨ ਫਲੂ ਪੀੜਤ ਮਰੀਜ਼ ਦੇ ਇਲਾਜ ਲਈ ਚੁਣਿਆ ਸੀ। ਮਾਨਤਾ ਰੱਦ ਵਾਲੇ ਹੋਰਨਾਂ ਹਸਪਤਾਲਾਂ ਵਿੱਚ ਆਰ. ਆਈ. ਇੰਸਟੀਚਿਊਟ, ਓਮਨੀ ਹਸਪਤਾਲ ਹੋਪ, ਕਲੀਨਿਕ ਐਂਡ ਮੈਟਰਨਿਟੀ , ਸੰਦੀਪ ਧਵਨ ਪ੍ਰੋਪਰਾਈਟਰ ਲੀਵਰਸੈਂਟਰ ਪੀ.ਐੱਨ. ਯੂਰੋਲਜੀ ਐਂਡ ਸਰਜੀਕ ਹਸਪਤਾਲ ਚੰਡੀਗੜ੍ਹ, ਚੀਮਾ ਮੈਡੀਕਲ ਕੈਪਲੈਕਸ ਗਰੇਸ਼ੀਅਨ, ਸੁਪਰ ਸੁਪਰ ਸਪੈਸ਼ਲਿਟੀ ਹਸਪਤਾਲ, ਕੈਸਮੋ ਮੈਡੀਕਲ ਪ੍ਰਾਈਵੇਟ ਲਿਮਟਿਡ, ਲਿਬਰਟੀ ਹਸਪਤਾਲ ਹਾਰਮਨੀ ਹੈੱਲਥ ਕੇਅਰ ਪ੍ਰਾਈਵੇਟ ਲਿਮਟਿਡ ਅਤੇ ਸਮਰਿਤਾ ਨਰਸਿੰਗ ਹੋਮ ਆਦਿ ਸ਼ਾਮਲ ਹਨ। ਆਦਮਨ ਕਰ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਨ੍ਹਾਂ ਹਸਪਤਾਲਾਂ ਦੀ ਇਸ ਕਰਕੇ ਮਾਨਤਾ ਰੱਦ ਕੀਤੀ ਹੈ ਕਿ ਉਹ ਮਾਨਤਾ ਹਾਸਲ ਕਰਨ ਲਈ ਲੋੜੀਂਦੀਆਂ ਸ਼ਰਤਾਂ ਪੂਰੀਆਂ ਨਹੀਂ ਕਰ ਰਹੇ ਹਨ, ਜਿਸ ਲਈ ਲੋੜੀਂਦਾ ਫਰਾਸਟਕਚਰ, ਡਾਕਟਰਾਂ ਦੀ ਤਨਖਾਹ, ਮਰੀਜ਼ਾਂ ਨੂੰ ਆਮਦਨ ਕਾਨੂੰਨ ਦੇ ਸੈਕਟਰ 17 (2) ਤਹਿਤ ਛੋਟ ਦੇਣੀ ਆਦਿ ਆਮਦਨ ਕਰ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਟ੍ਰਾਈਸਿਟੀ ਤੇ ਪ੍ਰਾਈਵੇਟ ਹਸਪਤਾਲਾਂ ਨੂੰ ਇਹ ਮਾਨਤਾ ਹਾਸਲ ਕਰਨ ਲਈ ਲੋੜੀਂਦੀਆਂ ਹਦਾਇਤਾਂ ਦੀ ਪਾਲਣਾ ਜ਼ਰੂਰੀ ਕਰਨੀ ਪੈਂਦੀ ਹੈ। ਇਸ ਵਾਰ ਮਾਨਸਾ ਮਿਲਣ ਤੋਂ ਬਾਅਦ ਪ੍ਰਾਈਵੇਟ ਖੇਤਰ ਦੇ ਮੁਲਾਜ਼ਮ ਜਿਹੜੇ ਇਨ੍ਹਾਂ ਹਸਪਤਾਲਾਂ ਤੋਂ ਇਲਾਜ ਕਰਵਾਉਂਦੇ ਹਨ, ਉਹ ਆਪ ਬਿੱਲ ਵਿਭਾਗ ਕੋਲ ਜਮ੍ਹਾਂ ਕਰਵਾਉਂਦੇ ਸਨ ਅਤੇ ਉਨ੍ਹਾਂ ਨੂੰ ਇਲਾਜ 'ਤੇ ਕੀਤੇ ਖਰਚੇ ਉਪਰ ਆਮਦਨ ਕਰ ਤੋਂ ਛੋਟ ਮਿਲਦੀ ਸੀ। ਇਹ ਸਕੀਮ ਹਸਪਤਾਲ ਦੇ ਮਰੀਜ਼ਾਂ ਲਈ ਲਾਭਕਾਰੀ ਸੀ, ਕਿਉਂਕਿ ਜਿੱਥੇ ਮਰੀਜ਼ਾਂ ਦਾ ਟੈਕਸ ਮੁਕਤ ਇਲਾਜ ਹੁੰਦਾ ਸੀ, ਉਥੇ ਹਸਪਤਾਲ ਦੀ ਇਸ ਮਾਨਤਾ ਨਾਲ ਸਾਖ ਬਣਦੀ ਸੀ। (ਬਾਕੀ ਸਫਾ 2 'ਤੇ)

ਡਾਕਟਰਾਂ ਦੀ ਤਨਖਾਹ, ਹਸਪਤਾਲ 'ਚ ਮਰੀਜ਼ਾਂ ਲਈ ਸਹੂਲਤਾਂ ਅਤੇ ਹੋਰ ਸ਼ਰਤਾਂ ਨੂੰ ਪੂਰੀਆਂ ਨਹੀਂ ਸਨ ਕਰਦੇ ਹਸਪਤਾਲ

ਬਾਦਲ ਦਲ ਛੱਡ ਕੇ ਰਵੀਇੰਦਰ ਦਲ ਵਿੱਚ ਸ਼ਾਮਲ

ਲੁਧਿਆਣਾ, 17 ਜਨਵਰੀ (ਰਾਜ ਜੋਸ਼ੀ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬਾਦਲ ਤੋਂ ਮੁਕਤ ਕਰਾਉਣ ਲਈ ਅਕਾਲੀ ਦਲ 1920 ਬਾਦਲ ਵਿਰੋਧੀ ਪਾਰਟੀਆਂ ਨਾਲ ਮਿਲ ਕੇ ਇਕ ਪਲੇਟ ਫਾਰਮ ਤੇ ਸਭ ਨੂੰ ਇਕੱਠੇ ਕਰਕੇ ਸ਼੍ਰੋਮਣੀ ਕਮੇਟੀ ਚੋਣਾਂ ਲੜੀਆਂ ਜਾਣਗੀਆਂ ਤੇ ਜਦੋਂ ਇਸ ਕਮੇਟੀ ਨੂੰ ਬਾਦਲ ਤੋਂ ਆਜਾਦ ਕਰਾ ਲਿਆ ਤਾਂ ਫਿਰ ਸਮਝੋ ਬਾਦਲ ਜੀਰੋ ਰਹਿ ਜਾਵੇਗਾ। ਇਹ ਸ਼ਬਦ ਅੱਜ ਇੱਥੇ ਅਕਾਲੀ ਦਲ 1920 ਦੇ ਪ੍ਰਧਾਨ ਸ੍ਰ. ਰਵੀਇੰਦਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਹੇ। ਉਹ ਅੱਜ ਇੱਥੇ ਬਾਦਲ ਦਲ ਦੇ ਜ਼ਿਲ੍ਹੇ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਇਤਿਹਾਸਕ ਗੁਰਦੁਆਰਾ ਗਾਊਘਾਟ ਦੀ ਲੋਕਲ ਕਮੇਟੀ ਦੇ ਮੀਤ ਪ੍ਰਧਾਨ ਜੱਥੇਦਾਰ ਹਰਜਿੰਦਰ ਸਿੰਘ ਅਤੇ ਭਾਰੀ ਗਿਣਤੀ ਵਿੱਚ ਉਨ੍ਹਾਂ ਦੇ ਸਾਥੀ ਸਿੰਘਾਂ ਤੇ ਸਿੰਘਣੀਆਂ ਨੂੰ ਪਾਰਟੀ ਵਿੱਚ ਸ਼ਾਮਲ ਹੋਣ ਤੇ ਜੀ ਆਇਆ ਨੂੰ ਕਹਿਣ ਲਈ ਆਏ ਹੋਏ ਸਨ। ਉਨ੍ਹਾਂ ਕਿਹਾ ਕਿ ਅਸੀਂ ਸਰਕਾਰ ਨੂੰ ਸ਼੍ਰੋਮਣੀ ਕਮੇਟੀ ਵੋਟਾਂ ਮਾਨਯੋਗ ਹਾਈ ਕੋਰਟ ਦੀਆਂ ਹਿਦਾਇਤਾਂ ਅਨੁਸਾਰ ਬਣਾਉਣ ਲਈ ਨੋਟਿਸ ਭੇਜਿਆਹੈ ਜੇ 15 ਦਿਨਾਂ ਦਿਨ ਵਿੱਚ ਕੋਈ ਯੋਗ ਕਾਰਵਾਈ ਸਰਕਾਰ ਨੇ ਨਾ ਕੀਤੀ ਤਾਂ ਅਸੀਂ ਮਾਨਯੋਗ ਹਾਈ ਕੋਰਟ ਵਿੱਚ ਰਿੱਟ ਪਾਵਾਂਗੇ ਤਾਂ ਜੋ ਸਹੀ ਸਿੱਖਾਂ ਦੀਆਂ ਹੀ ਵੋਟਾਂ ਬਣ ਸਕਣ। ਇਸ ਸਮੇਂ ਹਰਜਿੰਦਰ ਸਿੰਘ ਨੇ ਕਿਹਾ ਕਿ ਉਹ ਬਾਦਲ ਦੀਆਂ ਪੰਥ ਵਿਰੋਧੀ ਚਾਲਾਂ ਤੋਂ ਦੁਖੀ ਹੋ ਕੇ ਉਸ ਨੂੰ ਅਲਵਿੱਦਾ ਤਾਂ ਪਹਿਲਾਂ ਹੀ ਕਹਿ ਚੱਕੇ ਸਨ ਪਰ ਅੱਜ ਉਹ ਅਕਾਲੀ ਦਲ 1920 ਦੀ ਸਾਫ ਸੁਥਰੀ ਅਤੇ ਪੰਥਕ ਸੋਚ ਕਾਰਨ ਇਸ ਵਿੱਚ ਸਾਮਲ ਹੋਏ ਹਨ। ਅਕਾਲੀ ਦਲ (ਬਾਕੀ ਸਫਾ 2 'ਤੇ)

ਏ.ਕੇ. ਮੱਟੂ ਨੇ ਸਾਰੇ ਅਹੁਦਿਆਂ ਤੋਂ ਦਿੱਤਾ ਅਸਤੀਫ਼ਾ

ਨਵੀਂ ਦਿੱਲੀ, 17 ਜਨਵਰੀ (ਵਿਸ਼ਵ ਵਾਰਤਾ)-ਹੁਣੇ ਹੀ ਹਾਕੀ ਸੰਕਟ ਦੇ ਦੌਰਾਨ ਲੱਗੇ ਦੋਸ਼ਾਂ ਤੋਂ ਦੁੱਖੀ ਏ.ਕੇ. ਮੱਟੂ ਨੇ ਅੱਜ ਹਾਕੀ ਇੰਡੀਆ ਦੇ ਪ੍ਰਧਾਨ ਅਹੁਦੇ ਸਮੇਤ ਵੱਖ-ਵੱਖ ਖੇਡ ਸੰਸਥਾਵਾਂ ਦੇ ਹੋਰ ਪ੍ਰਸ਼ਾਸਨਿਕ ਅਹੁਦਿਆਂ ਤੋਂ ਅਸਤੀਫ਼ਾ ਦੇ ਦਿੱਤਾ ਹੈ। ਮੱਟੂ ਨੇ ਭਾਰਤੀ ਓਲੰਪਿਕ ਸੰਘ ਦੇ ਪ੍ਰਮੁੱਖ ਸੁਰੇਸ਼ ਕਲਮਾਡੀ ਨੂੰ ਆਪਣਾ ਅਸਤੀਫ਼ਾ ਭੇਜਿਆ ਅਤੇ ਉਹਨਾਂ ਨੇ ਖੇਡ ਪ੍ਰਸ਼ਾਸਨ ਤੋਂ ਸੰਨਿਆਸ ਲੈਣ ਦਾ ਮਨ ਬਣਾ ਲਿਆ ਹੈ। ਮੱਟੂ ਨੇ ਕਿਹਾ- ਮੈਂ ਕਲਮਾਡੀ ਨੂੰ ਆਪਣਾ ਅਸਤੀਫ਼ਾ ਸੌਂਪ ਦਿੱਤਾ ਹੈ ਅਤੇ ਹੁਣ ਮੈਂ ਖੇਡ ਪ੍ਰਸ਼ਾਸਨ ਤੋਂ ਸੰਨਿਆਸ ਲੈਣਾ ਚਾਹੁੰਦਾ ਹਾਂ। ਮੈਂ 40 ਸਾਲ ਤੱਕ ਸੇਵਾ ਕਰ ਚੁੱਕਾ ਹਾਂ। ਮੈਂ ਲੰਬੀ ਅਤੇ ਚੰਗੀ ਪਾਰੀ ਖੇਡੀ। ਇਹ ਪੁੱਛੇ ਜਾਣ 'ਤੇ ਕੀ ਜੇਕਰ ਕਲਮਾਡੀ ਉਹਨਾਂ ਨੂੰ ਇਸ ਫੈਸਲੇ 'ਤੇ ਵਿਚਾਰ ਕਰਨ ਲਈ ਕਹਿਣਗੇ ਤਾਂ ਕੀ ਉਹ ਅਜਿਹਾ ਕਰਨਗੇ ਇਸ 'ਤੇ ਮੱਟੂ ਨੇ ਕਿਹਾ- ਨਹੀਂ ਮੈਂ ਆਪਣਾ ਮਨ ਬਣਾ ਲਿਆ ਹੈ ਅਤੇ ਫਿਰ ਤੋਂ ਇਹਨਾਂ ਚੀਜ਼ਾਂ ਵਿੱਚ ਨਹੀਂ ਪੈਣਾ ਚਾਹੁੰਦਾ ਹਾਂ। ਮੈਂ ਇਹਨਾਂ ਸਾਲਾਂ ਬਤੌਰ ਖੇਡ ਪ੍ਰਸ਼ਾਸਕ ਆਪਣੇ ਕਾਰਜਕਾਲ ਦਾ ਪੂਰਾ ਆਨੰਦ ਉਠਾਇਆ।

ਸੇਂਟ ਸੋਲਜਰ ਗਰੁੱਪ ਦੀ ਇੱਕ ਹੋਰ ਵੱਡੀ ਪ੍ਰਾਪਤੀ: 'ਸਿਸਵਿੰਗਸ' ਰਾਹੀਂ ਆਈ.ਟੀ. ਖੇਤਰ ਵਿੱਚ ਸਿੱਖਿਆ ਅਤੇ ਰੋਜ਼ਗਾਰ ਦੇਣ ਦਾ ਐਲਾਨ

ਜਲੰਧਰ, 17 ਜਨਵਰੀ (ਹਰਪ੍ਰੀਤ ਸਿੰਘ ਲੇਹਿਲ)- ਪੀ. ਪੀ. ਆਰ. ਗਰੁੱਪ ਅਤੇ ਸੇਂਟ ਸੋਲਜ਼ਰ ਗਰੁੱਪ ਵੱਲੋਂ ਮਿਲ ਕੇ ਆਈ. ਟੀ. ਖੇਤਰ ਦੇ ਵਿਦਿਆਰਥੀਆਂ ਨੂੰ ਚੰਗੀ ਸਿਖਲਾਈ ਦੇਣ ਦੇ ਮਨੋਰਥ ਨਾਲ ਇਕ ਸਾਫਟਵੇਅਰ ਅਤੇ ਨੈਟਵਰਕਿੰਗ ਸਿਖਲਾਈ ਕੰਪਨੀ ਸ਼ੁਰੂ ਕੀਤੀ ਹੈ। ਇਸ ਕੰਪਨੀ ਦਾ ਨਾਮ 'ਸਿਸਵਿੰਗਸ' ਹੈ। ਇਸ ਬਾਰੇ ਪੱਤਰਕਾਰ ਸੰਮੇਲਨ ਦੌਰਾਨ ਜਾਣਕਾਰੀ ਦਿੰਦੇ ਹੋਏ ਗਰੁੱਪ ਦੇ ਚੇਅਰਮੈਨ ਸ੍ਰੀ ਅਨਿਲ ਚੋਪੜਾ ਕੰਪਨੀ ਦੇ ਸੀ. ਈ. ਓ. ਸ੍ਰੀ ਜਸਪਾਲ ਸਿੰਘ ਅਤੇ ਹੋਰਾਂ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਪੰਜਾਬ ਦੇ ਵਿੱਚ ਆਈ. ਟੀ. ਖੇਤਰ ਵਿੱਚ ਵਿਦਿਆਰਥੀ ਤਾਂ ਬਹੁਤ ਹਨ, ਪਰ ਉਨ੍ਹਾਂ ਨੂੰ ਨੌਕਰੀਆਂ ਦੇ ਲਈ ਅਤੇ ਚੰਗੀ ਸਿਖਲਾਈ ਦੇ ਲਈ ਪੰਜਾਬ ਤੋਂ ਬਾਹਰ ਵੱਡੇ ਸ਼ਹਿਰਾਂ ਵਿੱਚ ਜਾਣਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਪੀ. ਪੀ. ਆਰ. ਇਨਫੋਟੈਕ ਦੇ ਨਾਲ ਮਿਲਕੇ ਹੁਣ ਅਜਿਹੇ ਸਾਰੇ ਵਿਦਿਆਰਥੀਆਂ ਨੂੰ ਇੱਥੇ ਹੀ ਚੰਗੀ ਅਤੇ ਪ੍ਰੈਕਟੀਕਲ ਸਿਖਲਾਈ ਦੇ ਨਾਲ-ਨਾਲ ਪਲੇਸਮੈਂਟ ਵੀ ਮਿਲੇਗੀ। ਸ੍ਰੀ ਚੋਪੜਾ ਨੇ ਕਿਹਾ ਕਿ ਆਈ. ਟੀ. ਖੇਤਰ ਵਿੱਚੋਂ ਆਉਣ ਵਾਲੇ ਵਿਦਿਆਰਥੀ ਇਸ ਕੰਪਨੀ ਵੱਲੋਂ ਵੱਖ-ਵੱਖ ਮਾਡਿਊਲਸ ਰਾਹੀਂ ਸਿਖਲਾਈ ਲੈ (ਬਾਕੀ ਸਫਾ 2 'ਤੇ)


ਪੱਤਰਕਾਰ ਸੰਮੇਲਨ ਦੌਰਾਨ ਜਾਣਕਾਰੀ ਦਿੰਦੇ ਹੋਏ ਸ੍ਰੀ ਅਨਿਲ ਚੋਪੜਾ, ਸੀ.ਓ. ਜਸਪਾਲ ਸਿੰਘ ਤੇ ਹੋਰ।

ਭਲਾਈ ਵਿਭਾਗ ਦਾ ਡਾਇਰੈਕਟਰ ਤੇ ਜ਼ਿਲ੍ਹਾ ਭਲਾਈ ਅਫਸਰ ਲੁਧਿਆਣਾ ਸੂਚਨਾ ਕਮਿਸ਼ਨ ਵੱਲੋਂ ਤਲਬ

ਜਗਰਾਉਂ, 17 ਜਨਵਰੀ (ਵਿਸ਼ਵ ਵਾਰਤਾ)- ਯੂਨੀਵਰਸਲ ਮਨੁੱਖੀ ਅਧਿਕਾਰ ਸੰਗਠਨ ਵੱਲੋਂ ਦਾਇਰ ਕੀਤੀ ਅਪੀਲ ਪਟੀਸ਼ਨ ਤੇ ਕਾਰਵਾਈ ਕਰਦਿਆਂ ਪੰਜਾਬ ਰਾਜ ਸੂਚਨਾ ਕਮਿਸ਼ਨ ਵੱਲੋਂ ਅਨੁਸੂਚਿਤ ਜਾਤੀਆਂ ਤੇ ਪਛੜੀਆਂ ਭਲਾਈ ਵਿਭਾਗ ਪੰਜਾਬ ਦੇ ਡਾਇਰੈਕਟਰ ਤੇ ਜ਼ਿਲ੍ਹਾ ਭਲਾਈ ਅਫਸਰ ਲੁਧਿਆਣਾ ਨੂੰ 21 ਜਨਵਰੀ 2010 ਨੂੰ ਕਮਿਸ਼ਨ ਦੀ ਅਦਾਲਤ ਵਿੱਚ ਪੇਸ਼ ਹੋਣ ਦਾ ਹੁਕਮ ਜਾਰੀ ਕੀਤਾ ਹੈ। ਮਾਮਲੇ ਦੇ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਯੂਨੀਵਰਸਲ ਮਨੁੱਖੀ ਅਧਿਕਾਰ ਸੰਗਠਨ ਦੇ ਜਨਰਲ ਸਕੱਤਰ ਇਕਬਾਲ ਸਿੰਘ ਰਸੂਲਪੁਰ, ਸੂਰਤ ਸਿੰਘ ਖਾਲਸਾ ਮੁੱਖ ਬੁਲਾਰਾ ਅਤੇ ਐਡਵੋਕੇਟ ਰਜਿੰਦਰ ਸਿੰਘ ਸੰਧੂ ਕਾਨੂੰਨੀ ਸਲਾਹਕਾਰ ਨੇ ਦੱਸਿਆ ਕਿ ਸੰਗਠਨ ਦੇ ਧਿਆਨ ਵਿੱਚ ਆਇਆ ਸੀ ਕਿ ਸਾਲ 2006 ਦੇ ਕ੍ਰਮਵਾਰ ਮਹੀਨਾ ਸਤੰਬਰ, ਅਕਤੂਬਰ, ਨਵੰਬਰ, ਦਸੰਬਰ ਅਤੇ ਸਾਲ 2007 ਦੇ ਕ੍ਰਮਵਾਰ ਮਹੀਨਾ ਜਨਵਰੀ-ਫਰਵਰੀ ਅਤੇ ਮਾਰਚ ਆਦਿ ਦੇ ਹਜ਼ਾਰਾਂ ਸਗਨ ਸਕੀਮ ਦੇ ਕੇਸ ਪੰਜਾਬ ਵਿੱਚ ਪੈਂਡਿੰਗ ਪਏ ਹਨ। ਜਿਨ੍ਹਾਂ ਦਾ ਨਿਪਟਾਰਾ ਨਾ ਤਾਂ ਤਤਕਾਲੀਨ ਕਾਂਗਰਸ ਸਰਕਾਰ ਨੇ ਕੀਤਾ ਅਤੇ ਨਾ ਹੀ ਮੌਜੂਦਾ ਅਕਾਲੀ ਸਰਕਾਰ ਨੇ। ਜਦੋਂ ਕਿ ਸਾਲ 2006-07 ਦੇ ਦੌਰਾਨ ਵਿਆਹੀਆਂ ਇਹ ਗਰੀਬ ਲੜਕੀਆਂ ਹੁਣ 2-2 ਬੱਚਿਆਂ ਦੀਆਂ ਮਾਵਾਂ ਵੀ ਬਣ ਗਈਆਂ ਹੋਣਗੀਆਂ ਪਰ ਇਹ ਲੜਕੀਆਂ ਅੱਜ ਵੀ ਸਰਕਾਰੀ ਸ਼ਗਨ ਨੂੰ ਉਡੀਕ ਰਹੀਆਂ ਹਨ, ਸੰਗਠਨ ਆਗੂਆਂ ਨੇ ਦੱਸਿਆ ਕਿ ਇਨ੍ਹਾਂ ਲੜਕੀਆਂ ਨੂੰ ਸ਼ਗਨ ਦੀ ਰਾਸ਼ੀ ਦਿਵਾਉਣ ਦੇ ਮੰਤਵ ਹਿੱਤ ਆਰੰਭ ਜਨਤਾ ਹਿੱਤ ਸੰਗਠਨ ਨੇ ਮਿਤੀ 5 ਅਗਸਤ 2009 ਨੂੰ ਜ਼ਿਲ੍ਹਾ ਭਲਾਈ ਅਫਸਰ ਲੁਧਿਆਣਾ ਅਤੇ ਸਕੱਤਰ ਭਲਾਈ ਵਿਭਾਗ ਪੰਜਾਬ ਸਰਕਾਰ ਤੋਂ ਇਨ੍ਹਾਂ ਪੈਂਡਿੰਗ (ਬਾਕੀ ਸਫਾ 2 'ਤੇ)

ਨਿਰਮਲ ਤਖਤ ਤਲਾਬ ਬਾਬਾ ਬੁੱਢਾ ਸਾਹਿਬ ਦਕੋਹਾ (ਜਲੰਧਰ) ਵਿਖੇ 59ਵੇਂ ਬਸੰਤ ਪੰਚਮੀ ਸਾਲਾਨਾ ਸਤਿਸੰਗ ਸਮਾਗਮ ਅੱਜ ਤੋਂ

ਸੰਤ ਜਸਵੰਤ ਸਿੰਘ ਕੈਂਸਰ ਸੁਸਾਇਟੀ ਵੱਲੋਂ ਕੈਂਸਰ ਪੀੜਤਾਂ ਦਾ ਮੁਫਤ ਚੈੱਕਅੱਪ ਅਤੇ ਇਲਾਜ 20 ਨੂੰ


ਧੰਨ-ਧੰਨ ਬਾਬਾ ਬੁੱਢਾ ਜੀ


ਸੰਤ ਬਾਬਾ ਜਸਵੰਤ ਸਿੰਘ ਜੀ

ਜਲੰਧਰ, 17 ਜਨਵਰੀ (ਹਰਪ੍ਰੀਤ ਸਿੰਘ ਲੇਹਿਲ, ਮਲਕੀਤ ਸਿੰਘ ਬਰਾੜ)-ਸ੍ਰੀ ਨਿਰਮਲ ਤਖਤ ਤਲਾਬ ਬਾਬਾ ਬੁੱਢਾ ਜੀ ਸਥਾਨ ਨੰ. 1, ਆਤਮਦਰਸ਼ੀ ਹਰਿਮੰਦਰ ਪਿੰਡ ਦਕੋਹਾ ਜਲੰਧਰ ਛਾਉਣੀ ਵਿਖੇ ਬਸੰਤ ਪੰਚਮੀ ਦੇ ਸੰਬੰਧ ਵਿੱਚ 59ਵਾਂ ਸਾਲਾਨਾ ਸਤਿਸੰਗ 18, 19 ਅਤੇ 20 ਜਨਵਰੀ 2010 ਦਿਨ ਸੋਮਵਾਰ, ਮੰਗਲਵਾਰ ਅਤੇ ਬੁੱਧਵਾਰ ਨੂੰ ਬੜੇ ਪ੍ਰੇਮ ਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਦੇਸ਼ ਵਿਦੇਸ਼ ਦੀਆਂ ਲੱਖਾਂ ਸੰਗਤਾਂ ਇਸ ਸ਼ੁੱਭ ਸਮਾਗਮ ਵਿੱਚ ਪਰਿਵਾਰ ਅਤੇ ਸਤਿਸੰਗੀਆਂ ਸਮੇਤ ਪਹੁੰਚ ਕੇ ਗੁਰੂ ਨਾਨਕ ਦੇਵ ਜੀ ਅਤੇ ਬਾਬਾ ਬੁੱਢਾ ਸਾਹਿਬ ਜੀ ਦੇ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਹਰੇਕ ਸਾਲ ਵੱਧ ਚੜ੍ਹ ਕੇ ਪਹੁੰਚਦੀਆਂ ਹਨ। ਇਸ ਵਾਰ ਵੀ ਇਸ ਤਿੰਨ ਦਿਨਾ ਸਮਾਗਮ ਵਿੱਚ ਦੇਸ਼ ਵਿਦੇਸ਼ ਦੀਆਂ ਸੰਗਤਾਂ ਪੁੱਜਣੀਆਂ ਸ਼ੁਰੂ ਹੋ ਗਈਆਂ ਹਨ। ਇਹ ਸਮੁੱਚੇ ਸਮਾਗਮ ਸ੍ਰੀ ਨਿਰਮਲ ਤਖਤ ਤਲਾਬ ਬਾਬਾ ਬੁੱਢਾ ਸਾਹਿਬ ਆਤਮ ਦਰਸ਼ਨ ਹਰਿਮੰਦਰ ਦੇ ਮੁੱਖ ਸੰਚਾਲਕ ਬਾਬ ਭਗਵੰਤ ਭਜਨ ਸਿੰਘ ਦੀ ਸਰਪ੍ਰਸਤੀ ਹੇਠ ਚੱਲਣ ਵਾਲੇ ਇਨ੍ਹਾਂ ਸਮਾਗਮਾਂ ਦਾ ਆਰੰਭ 13 ਜਨਵਰੀ (ਬਾਕੀ ਸਫਾ 2 'ਤੇ)

ਸੰਤ ਬਾਬਾ ਭਗਵੰਤ ਭਜਨ ਸਿੰਘ ਜੀ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ ਆਸ਼ੀਰਵਾਦ ਦਿੰਦੇ ਹੋਏ।

ਨਰੂਲਾ ਨਮਿੱਤ ਅਰਦਾਸ ਸਮਾਗਮ ਮੌਕੇ ਪ੍ਰਮੁੱਖ ਸ਼ਖ਼ਸੀਅਤਾਂ ਵੱਲੋਂ ਸ਼ਿਰਕਤ

ਗੁਰਾਇਆ/ਜਲੰਧਰ ,17 ਜਨਵਰੀ (ਮਲਕੀਤ ਸਿੰਘ ਬਰਾੜ)- ਅੱਜ ਇੱਥੇ ਗੁਰਦੁਆਰਾ ਗੁਰੂ ਨਾਨਕ ਦਰਬਾਰ ਵਿਖੇ ਸ਼ਹਿਰ ਦੇ ਉੱਘੇ ਸਮਾਜ ਸੇਵਕ ਅਤੇ ਹਿੰਦੁਸਤਾਨ ਟਾਈਮਜ਼ ਦੇ ਸਟਾਫ਼ ਰਿਪੋਰਟਰ ਸ. ਜਸਦੀਪ ਸਿੰਘ ਮਲਹੋਤਰਾ ਦੇ ਸਾਲੇ ਸਰਬਜੀਤ ਸਿੰਘ ਨਰੂਲਾ ਨਮਿੱਤ ਰੱਖੇ ਗਏ ਅੰਤਿਮ ਅਰਦਾਸ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਆਮ ਲੋਕਾਂ ਤੇ ਪ੍ਰਮੁੱਖ ਹਸਤੀਆਂ ਨੇ ਹਾਜ਼ਰੀ ਭਰੀ। ਸ੍ਰੀ ਨਰੂਲਾ ਪਿਛਲੇ ਦਿਨੀਂ ਚੱਲ ਵਸੇ ਸਨ। ਉਹ 38 ਸਾਲਾਂ ਦੇ ਸਨ ਉਹ ਆਪਣੇ ਪਿੱਛੇ ਵਿਧਵਾ ਪਤਨੀ ਅਤੇ ਇੱਕ ਬੱਚਾ ਛੱਡ ਗਏ ਹਨ। ਉਨ੍ਹਾਂ ਦੀ ਇਲਾਕੇ ਵਿੱਚ ਇੱਕ ਸਮਾਜ ਸੇਵਕ ਵਜੋਂ ਚੰਗੀ ਪਹਿਚਾਣ ਸੀ। ਉਨ੍ਹਾਂ ਵੱਲੋਂ ਕੀਤੀ ਸਮਾਜ ਸੇਵਾ ਦੇ ਬਦੌਲਤ ਹੀ ਉਨ੍ਹਾਂ ਦੇ ਭੋਗ ਮੌਕੇ ਅੱਜ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ। ਇਸ ਮੌਕੇ ਰਾਗੀ ਸਿੰਘਾਂ ਵੱਲੋਂ ਕੀਰਤਨ ਕੀਤਾ ਗਿਆ ਤੇ ਗੁਰਦੁਆਰਾ ਸਾਹਿਬ ਦੀ ਕਮੇਟੀ ਵੱਲੋਂ ਉਨ੍ਹਾਂ ਦੇ ਬੱਚੇ ਨੂੰ ਸਿਰੋਪਾਓ ਦਿੱਤਾ ਗਿਆ। ਸ਼ਰਧਾਂਜਲੀ ਸਮਾਗਮ ਵਿੱਚ ਵਿਧਾਇਕ ਜਗਬੀਰ ਸਿੰਘ ਬਰਾੜ, ਸਾਬਕਾ ਮੰਤਰੀ ਸਰਵਣ ਸਿੰਘ ਫਿਲੌਰ, ਸੀਨੀਅਰ ਅਕਾਲੀ ਆਗੂ ਕੁਲਦੀਪ ਸਿੰਘ ਵਡਾਲਾ, ਸ੍ਰੀ ਪਵਨ ਟੀਨੂੰ ਸ੍ਰੀ ਸੰਤੋਸ਼ ਚੌਧਰੀ, ਤੇਜਿੰਦਰ ਸਿੰਘ ਬਿੱਟੂ, ਡਿਪਟੀ ਕਮਿਸ਼ਨਰ ਜਲੰਧਰ ਸ. ਅਜੀਤ ਸਿੰਘ ਪੰਨੂੰ, ਐਸ.ਪੀ ਐਸ.ਕੇ.ਕਾਲੀਆ, ਪ੍ਰੈੱਸ ਕਲੱਬ ਜਲੰਧਰ ਦੇ ਪ੍ਰਧਾਨ ਸ੍ਰੀ ਆਰ.ਐਨ. ਸਿੰਘ, ਅਜੀਤ ਦੇ ਸਟਾਫ਼ ਰਿਪੋਰਟਰ ਐਚ.ਐਸ. ਬਾਵਾ, ਅੱਜ ਦੀ ਆਵਾਜ਼ ਦੇ ਸੰਪਾਦਕ ਸ. ਬਲਜੀਤ ਸਿੰਘ ਬਰਾੜ, ਪੀ.ਟੀ.ਆਈ ਤੋਂ ਸ੍ਰੀ ਭਾਸਕਰ ਪੰਜਾਬੀ ਟ੍ਰਿਬਿਊਨ ਦੇ ਜਗਦੀਪ, ਦੇਸ਼ ਸੇਵਕ ਦੇ ਪਾਲ ਸਿੰਘ ਨੌਲੀ, ਗੁਰਦੁਆਰਾ ਦੂਖ ਨਿਵਾਰਣ ਲੁਧਿਆਣਾ ਦੇ ਪ੍ਰਧਾਨ ਪ੍ਰਿਤਪਾਲ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਹਾਜ਼ਰ ਸਨ।